**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਐਸ.ਏ.ਐਸ ਨਗਰ**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਬਲਾਕ - E , ਚੌਥੀ ਮੰਜਿਲ , ਫੇਸ - 8 ,ਐਸ.ਏ ਐਸ ਨਗਰ**

**(ਫੰਡ ਸ਼ਾਖਾ)**

ਵੱਲ

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪੰਜਾਬ।

2) ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਪੰਜਾਬ।

3) ਸਮੂਹ ਜਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ ਦੇ ਮੁੱਖੀ ਪੰਜਾਬ।

4) ਸਮੂਹ ਸਕੂਲ ਮੁੱਖੀ ਪੰਜਾਬ।

ਮੀਮੋ ਨੰ. 160927/DPISE-GPF0GPF/1/2021-BUDGET-DPISE /2021291159-62
ਮਿਤੀ ਐਸ.ਏ.ਐਸ ਨਗਰ। 01/07/21

ਵਿਸ਼ਾ: ਸਿੱਖਿਆ ਵਿਭਾਗ ਦੇ ਖੇਤਰੀ ਪੱਧਰ ਦੇ ਸਟਾਫ ਦੇ ਜੀ.ਪੀ.ਫੰਡ ਖਾਤਿਆਂ ਦੀ ਨੋਮੀਨੇਸਨ ਸਬੰਧੀ।

ਇਸ ਦਫਤਰ ਦੇ ਪੱਤਰ ਨੰ: 01/08-2000 ਫੰਡ 5(10) ਮਿਤੀ 17/09/2002 (ਨੱਥੀ) ਰਾਹੀਂ ਜੀ.ਪੀ.ਫੰਡ ਦੇ ਖਾਤਿਆ ਦੇ ਰੱਖ ਰੱਖਾਵ ਕਰਨ ਦੇ ਅਧਿਕਾਰ ਮਿਤੀ 01/04/2002 ਤੋਂ ਡੀ.ਡੀ.ਓ ਪੱਧਰ ਤੇ ਦੇ ਦਿੱਤੇ ਗਏ ਸਨ ਅਤੇ ਉਸ ਉਪਰੰਤ ਸਾਰੇ ਕਰਮਚਾਰੀਆਂ ਦੇ ਮਿਤੀ 31/03/2002 ਤੱਕ ਦੇ ਅੰਤਿਮ ਬੈਲੈਂਸ ਟਰਾਂਸਫਰ ਕੀਤੇ ਗਏ ਸਨ।

2.0 ਸਬੰਧਤ ਕਰਮਚਾਰੀ ਨੂੰ ਮਿਤੀ 31.03.2002 ਦਾ ਬੈਲੇਂਸ ਟਰਾਂਸਫਰ ਕਰਦੇ ਸਮੇਂ ਇਹ ਵੀ ਲਿਖਿਆ ਗਿਆ ਸੀ ਕਿ ਜੇਕਰ ਅੰਸਦਾਤਾ ਵੱਲੋਂ ਪਹਿਲਾਂ ਨੋਮੀਨੇਸਨ ਭਰਿਆ ਹੋਇਆ ਹੈ ਅਤੇ ਡੀ.ਡੀ.ਓ ਪੱਧਰ ਤੇ ਉਪਲਬਧ ਹੈ ਤਾਂ ਵੇਖ ਲਿਆ ਜਾਵੇ ਨਹੀਂ ਤਾਂ ਆਪਣੇ ਪੱਧਰ ਤੇ ਨਵੇਂ ਸਿਰੇ ਤੋਂ ਭਰ ਲਿਆ ਜਾਵੇ। ਪਰੰਤੂ ਨੋਮੀਨੇਸੇਨ ਵਿੱਚ ਬਦਲਾਅ/ਅਪਡੇਟ ਸਬੰਧੀ ਕਰਮਚਾਰੀਆਂ ਦੀਆਂ ਪ੍ਰਤੀਬੇਨਤੀਆਂ ਅਜੇ ਵੀ ਡੀ.ਡੀ.ਓਜ ਵੱਲੋਂ ਮੁੱਖ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ।

3.0 iHRMS ਸਿਸਟਮ ਤੇ ਡੀ.ਡੀ.ਓਜ ਨੂੰ ਆਪਣੇ ਅਧੀਨ ਆਉਂਦੇ ਕਰਮਚਾਰੀਆਂ ਦਾ ਡਾਟਾ ਮੈਨਟੇਨ ਕਰਨ ਦੀ ਪ੍ਰੋਵੀਜਨ ਦਿੱਤੀ ਗਈ ਹੈ ਅਤੇ ਕਰਮਚਾਰੀਆਂ ਦੀਆਂ ਜੀ.ਪੀ.ਫੰਡ ਖਾਤੇ ਦੀਆਂ ਨੋਮੀਨੇਸਨਾਂ ਵੀ ਡੀ.ਡੀ.ਓਜ ਵੱਲੋਂ ਹੀ iHRMS ਤੇ ਭਰੀਆਂ ਗਈਆਂ ਸਨ। ਜਦੋਂ ਵੀ ਕੋਈ ਕਰਮਚਾਰੀ ਆਪਣੇ ਜੀ.ਪੀ.ਫੰਡ ਖਾਤੇ ਦੀ ਨੋਮੀਨੇਸਨ ਬਦਲਣੀ ਚਾਹੁੰਦਾ ਹੈ ਤਾਂ ਉਸਨੂੰ iHRMS ਸਿਸਟਮ ਤੇ ਅਪਡੇਟ ਕਰਨ ਸਬੰਧੀ ਪਾਵਰਾਂ ਵੀ ਡੀ.ਡੀ.ਓਜ ਕੋਲ ਹੀ ਹਨ।

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਦੀਆਂ ਜੀ.ਪੀ.ਫੰਡ ਖਾਤੇ ਦੀ ਨੋਮੀਨੇਸਨ ਵਿੱਚ ਬਦਲਾਅ/ਅਪਡੇਟ ਸਬੰਧੀ ਪ੍ਰਤੀਬੇਨਤੀਆਂ ਦਾ ਨਿਪਟਾਰਾ ਆਪਣੇ ਪੱਧਰ ਤੇ ਕੀਤਾ ਜਾਵੇ। ਨੋਮੀਨੇਸਨ ਵਿੱਚ ਬਦਲਾਅ/ਅਪਡੇਟ ਸਬੰਧੀ ਕੋਈ ਵੀ ਪ੍ਰਤੀਬੇਨਤੀ ਮੁੱਖ ਦਫਤਰ ਨੂੰ ਨਾ ਭੇਜੀ ਜਾਵੇ।

5.0 ਨੋਮੀਨੇਸਨ ਵਿੱਚ ਬਦਲਾਅ/ਅਪਡੇਟ ਸਬੰਧੀ ਪ੍ਰਤੀਬੇਨਤੀ ਦਾ ਨਿਪਟਾਰਾ ਕਰਨ ਉਪਰੰਤ ਨੋਮੀਨੇਸਨ iHRMS ਤੇ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

(ਦਵਿੰਦਰ ਸਿੰਘ)
ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)